# <u>ਪ੍ਰੈਸ ਨੋਟ</u>

## *ਜਿਲ੍ਹਾ ਪੁਲਿਸ ਫਿਰੋਜਪੁਰ ਵੱਲੋਂ ਲੁੱਟਾ ਖੋਹਾ ਕਰਨ ਵਾਲੇ ਗੈਗ ਦੇ 05 ਵਿਅਕਤੀ, 04 ਪਿਸਤੋਲਾ, 10 ਰੌਂਦ ਜਿੰਦਾ ਅਤੇ ਇੱਕ ਕਾਰ ਹੁੰਡਈ ਵਰਨਾ ਨੰਬਰੀ PB 05 AL 0330 ਸਮੇਤ ਗ੍ਰਿਫਤਾਰ*

ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਫਿਰੋਜਪੁਰ ਜੀ ਵਲੋ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹੋਇਆ ਦੱਸਿਆ ਗਿਆ ਕਿ ਜਿਲਾ ਫਿਰੋਜਪੁਰ ਪੁਲਿਸ ਵੱਲੋ ਜਿਲਾ ਵਿੱਚ ਹੋ ਰਹੀਆ ਲੁੱਟਾ ਖੋਹਾ ਵਾਰਦਾਤਾ ਦੀ ਰੋਕਥਾਮ ਲਈ ਸ਼੍ਰੀ ਮਨਵਿੰਦਰ ਸਿੰਘ ਕਪਤਾਨ ਪੁਲਿਸ (ਇੰਨਵ:) ਫਿਰੋਜਪੁਰ ਅਤੇ ਸ਼੍ਰੀ ਜਗਦੀਸ਼ ਕੁਮਾਰ ਉਪ ਕਪਤਾਨ ਪੁਲਿਸ (ਇੰਨਵ:) ਫਿਰੋਜਪੁਰ ਤੇ ਇੰਸਪੈਕਟਰ ਜਗਦੀਸ਼ ਕੁਮਾਰ ਇੰਚਾਰਜ ਸੀ.ਆਈ.ਏ ਸਟਾਫ ਦੀ ਨਿਗਰਾਨੀ ਹੇਠ ਟੀਮ ਗਠਿਤ ਕੀਤੀ ਗਈ ਜੋ ਇਸ ਟੀਮ ਨੂੰ ਉਸ ਸਮੇ ਸਫਲਤਾ ਹਾਸਿਲ ਹੋਈ ਜਦ ਐਸ.ਆਈ ਜੱਜਪਾਲ ਸਿੰਘ ਸੀ.ਆਈ.ਏ ਸਟਾਫ ਫਿਰੋਜਪੁਰ ਸਮੇਤ ਸਾਥੀਆ ਕ੍ਰਮਚਾਰੀਆ ਦੇ ਗਸ਼ਤ ਦੇ ਸਬੰਧ ਵਿੱਚ ਇਲਾਕਾ ਥਾਣਾ ਗੁਰੂਹਰਸਹਾਏ ਮੋਜੂਦ ਸੀ ਤਾ ਉਸ ਪਾਸ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੰਦੀਪ ਉਰਫ ਬਿੱਲਾ ਪੁੱਤਰ ਜੰਗੀਰ ਸਿੰਘ, ਸਾਗਰ ਪੁੱਤਰ ਸੰਜੇ ਕਸ਼ਯਪ, ਵਿਸ਼ਾਲ ਪੁੱਤਰ ਕਾਲਾ ਅਤੇ ਛਿੰਦਾ ਪੁੱਤਰ ਕਸ਼ਮੀਰ ਉਰਫ ਪੱਪੂ ਵਾਸੀਆਨ ਖਲਚੀਆਂ ਜਦੀਦ ਥਾਣਾ ਸਦਰ ਫਿਰੋਜਪੁਰ ਅਤੇ ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ ਪੁੱਤਰ ਕ੍ਰਿਪਾਲ ਸਿੰਘ ਵਾਸੀ ਜਾਮਾ ਰਖੱਈਆ ਉਤਾੜ ਥਾਣਾ ਮਮਦੋਟ, ਜੋ ਇਹ ਸਾਰੇ ਪਹਿਲਾਂ ਵੀ ਜੁਰਮ ਕਰਨ ਦੇ ਆਦੀ ਹਨ ਅਤੇ ਅੱਜ ਇਹ ਸਾਰੇ ਜਣੇ ਸਮੇਤ ਅਸਲਾ ਅਤੇ ਮਾਰੂ ਹਥਿਆਰਾਂ ਦੇ ਇਕੱਠੇ ਹੋ ਕੇ ਕਾਲੇ ਰੰਗ ਦੀ ਵਰਨਾ ਕਾਰ ਤੇ ਕਬਰਿਸਤਾਨ ਗੁਰੂਹਰਸਹਾਏ ਵਿੱਚ ਬਾਬੇ ਦੀ ਮਜਾਰ ਕੋਲ ਖੜੇ ਡਾਕਾ ਮਾਰਨ ਦੀ ਵਿਉਂਤਬੰਦੀ ਕਰ ਰਹੇ ਹਨ, ਜੋ ਅੱਜ ਕਿਸੇ ਵੱਡੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ। ਜੇਕਰ ਇਹਨਾ ਪਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਇਹ ਸਾਰੇ ਭਾਰੀ ਮਾਤਰਾ ਵਿੱਚ ਅਸਲੇ ਸਮੇਤ ਕਾਬੂ ਆ ਸਕਦੇ ਹਨ। ਜਿਸ ਤੇ ਕਾਰਵਾਈ ਕਰਦਿਆ ਉਕਤਾਨ ਵਿਅਕਤੀਆ ਦੇ ਖਿਲਾਫ ਥਾਣਾ ਗੁਰੂਹਰਸਹਾਏ ਵਿਖੇ ਮੁਕੱਦਮਾ ਨੰਬਰ 78 ਮਿਤੀ 18-04-2022 ਅ/ਧ 399,402 ਭ.ਦੰ., 25/27 ਅਸਲਾ ਐਕਟ ਦਰਜ ਰਜਿਸਟਰ ਕਰਵਾਇਆ ਗਿਆ ਅਤੇ ਸਾਥੀ ਕ੍ਰਮਚਾਰੀਆ ਦੀ ਮਦਦ ਨਾਲ ਮੁਖਬਰ ਦੀ ਦੱਸੀ ਜਗ੍ਹਾ ਕਬਰਿਸਤਾਨ ਗੁਰੂਹਰਸਹਾਏ ਪਰ ਰੇਡ ਕਰਕੇ ਉਕਤਾਨ ਦੋਸ਼ੀਆਨ ਨੂੰ ਕਾਬੂ ਕੀਤਾ। ਜਿਨਾ ਦੀ ਹਸਬ ਜਾਬਤਾ ਤਲਾਸ਼ੀ ਅਮਲ ਵਿੱਚ ਲਿਆਦੀ ਤਾ ਕਾਬੂ ਕੀਤੇ ਦੋਸ਼ੀਆਨ ਸੰਦੀਪ ਉਰਫ ਬਿੱਲਾ ਪਾਸੋਂ **ਇੱਕ ਰਿਵਾਲਵਰ .32 ਬੋਰ ਨੰਬਰੀ C9587 ਸਮੇਤ 03 ਰੌਂਦ ਜਿੰਦਾ ਲੋਡ,** ਸਾਗਰ ਕਸ਼ਯਪ ਉਕਤ ਪਾਸੋ **ਇੱਕ ਪਿਸਟਲ .32 ਬੋਰ ਬਿਨਾ ਮਾਰਕਾ ਰੰਗ ਕਾਲਾ ਸਮੇਤ ਮੈਗਜੀਨ ਜਿਸ ਵਿੱਚ 02 ਰੌਂਦ ਜਿੰਦਾ,** ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ ਪਾਸੋ **ਇੱਕ ਪਿਸਟਲ .32 ਬੋਰ (Made in Japan) ਸਮੇਤ ਮੈਗਜੀਨ ਜਿਸ ਵਿੱਚ 03 ਰੌਂਦ ਲੋਡ**, ਛਿੰਦਾ ਪੁੱਤਰ ਕਸ਼ਮੀਰ ਉਕਤ ਪਾਸੋ **ਇੱਕ ਦੇਸੀ ਕੱਟਾ 12 ਬੋਰ ਸਮੇਤ 2 ਰੌਂਦ** (ਕੁੱਲ 02 ਪਿਸਟਲ, 01 ਰਿਵਾਲਰ, 01 ਦੇਸੀ ਕੱਟਾ ਸਮੇਤ **10** ਰੋਂਦ ਜਿੰਦਾ) ਅਤੇ **ਕਾਰ ਹੁੰਡਈ ਵਰਨਾ ਨੰਬਰੀ PB 05 AL 0330** ਬ੍ਰਾਮਦ ਹੋਈ। ਦੋਰਾਨੇ ਪੁੱਛਗਿੱਛ ਉਕਤਾਨ ਵਿਅਕਤੀਆ ਨੇ ਦੱਸਿਆ ਕਿ ਉਹ ਕਿਸੇ ਪੈਟਰੋਲ ਪੰਪ ਨੂੰ ਲੁੱਟਣ ਦੀ ਤਾਕ ਵਿੱਚ ਮਾਰੂ ਹਥਿਆਰ ਸਮੇਤ ਖੜ੍ਹੇ ਸਨ। ਇਸ ਤੋ ਇਲਾਵਾ ਉਕਤਾਨ ਦੋਸ਼ੀਆਨ ਦੇ ਰਿਕਾਰਡ ਦੀ ਪੜਤਾਲ ਕਰਨ ਤੇ ਪਤਾ ਲੱਗਿਆ ਕਿ ਇਹਨਾ ਪਰ ਪਹਿਲਾ ਵੀ ਸੰਗੀਨ ਜੁਰਮਾ ਤਹਿਤ ਮੁਕੱਦਮੇ ਦਰਜ ਹਨ।

**ਇਹਨਾ ਵਿੱਚੋ ਦੋਸ਼ੀ ਸੰਦੀਪ ਉਰਫ ਬਿੱਲਾ ਉਕਤ ਜੋ ਮੁਕੱਦਮਾ ਨੰਬਰ** 90 ਮਿਤੀ 12-08-2018 ਅ/ਧ 22/25/61/85 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ (ਬ੍ਰਾਮਦਗੀ 1030 ਨਸ਼ੀਲੀਆ ਗੋਲੀਆ) ਵਿੱਚ ਮਿਤੀ 01-03-2021 ਤੋ ਭਗੋੜਾ ਚੱਲਿਆ ਆ ਰਿਹਾ ਸੀ ਅਤੇ ਇਸ ਦੀ ਕਈ ਹੋਰ ਮੁਕਦਮਾਤ ਵਿੱਚ ਵੀ ਗ੍ਰਿਫਤਾਰੀ ਬਾਕੀ ਹੈ। ਦੋਸ਼ੀਆਂਨ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਇਹਨਾ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਨਾ ਪਾਸੋ ਹੋਰ ਵੀ ਵਾਰਦਾਤਾ ਟਰੇਸ ਹੋਣ ਦੀ ਸੰਭਾਵਨਾ ਹੈ।

<u>ਮੁਖਬਰੀ ਵਕੂਆ:</u>- ਬਾਈਪਾਸ ਚੌਂਕ ਪਿੰਡ ਕੋਹਰ ਸਿੰਘ ਵਾਲਾ ਗੁਰੂਹਰਸਹਾਏ

<u>ਗ੍ਰਿਫਤਾਰੀ ਵਕੂਆ:</u>- ਕਬਰਿਸਤਾਨ ਨੇੜੇ ਬਾਬੇ ਦੀ ਮਜਾਰ ਗੁਰੂਹਰਸਹਾਏ

**ਬ੍ਰਾਮਦਗੀ- 2 ਪਿਸਟਲ .32 ਬੋਰ, 1 ਰਿਵਾਲਵਰ .32 ਬੋਰ, 1 ਦੇਸੀ ਕੱਟਾ ਸਮੇਤ 10 ਰੌਂਦ ਜਿੰਦਾ ਅਤੇ ਇੱਕ ਕਾਰ** ਵਰਨਾ ਰੰਗ ਕਾਲਾ ਨੰਬਰੀ *PB 05 AL 0330*

**ਗ੍ਰਿਫਤਾਰ ਦੋਸ਼ੀ :-**

1) ਸੰਦੀਪ ਉਰਫ ਬਿੱਲਾ ਪੁੱਤਰ ਜੰਗੀਰ ਸਿੰਘ ਉਰਫ ਜੰਗੀਰਾ
2) ਛਿੰਦਾ ਪੁੱਤਰ ਕਸ਼ਮੀਰ ਉਰਫ ਪੱਪੂ
3) ਵਿਸ਼ਾਲ ਪੁੱਤਰ ਕਾਲਾ ਵਾਸੀਆਨ ਪਿੰਡ ਖਲਚੀਆਂ ਜਦੀਦ ਥਾਣਾ ਸਦਰ ਫਿਰੋਜਪੁਰ।
4) ਸਾਗਰ ਕਸ਼ਯਪ ਪੁੱਤਰ ਸੰਜੇ ਕਸ਼ਯਪ ਵਾਸੀ ਗਲੀ ਨੰਬਰ 18, ਸ਼ਾਰਦਾ ਨਗਰ ਨੇੜੇ ਡਾਕਖਾਨਾ ਸਹਾਰਨਪੁਰ (ਯੂ.ਪੀ) ਹਾਲ ਵਾਸੀ ਪਿੰਡ ਖਲਚੀਆਂ ਜਦੀਦ ਥਾਣਾ ਸਦਰ ਫਿਰੋਜਪੁਰ।
5) ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ ਪੁੱਤਰ ਕ੍ਰਿਪਾਲ ਸਿੰਘ ਵਾਸੀ ਜਾਮਾ ਰਖਈਆ ਉਤਾੜ ਥਾਣਾ ਮਮਦੋਟ।

**ਦੋਸ਼ੀਆਨ ਦਾ ਸਾਬਕਾ ਰਿਕਾਰਡ** :-

**ੳ). ਸੰਦੀਪ ਉਰਫ ਬਿੱਲਾ ਪੁੱਤਰ ਜੰਗੀਰ ਸਿੰਘ ਵਾਸੀ ਖਲਚੀਆ ਜਦੀਦ ਥਾਣਾ ਸਦਰ ਫਿਰੋਜਪੁਰ**

1. ਮੁਕੱਦਮਾ ਨੰਬਰ 183 ਮਿਤੀ 15-07-2018 ਅ/ਧ 21/22/61/85 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਫਿਰੋਜਪੁਰ
2. ਮੁਕੱਦਮਾ ਨੰਬਰ 90 ਮਿਤੀ 12-08-2018 ਅ/ਧ 22/25/61/85 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ (ਪੀ.ਉ 01-03-2021) ਬ੍ਰਾਮਦਗੀ 1030 ਨਸ਼ੀਲੀਆ ਗੋਲੀਆ
3. ਮੁਕੱਦਮਾ ਨੰਬਰ 52 ਮਿਤੀ 09-03-2019 ਅ/ਧ 452,323,324,148,149 ਭ:ਦ ਥਾਣਾ ਸਦਰ ਫਿਰੋਜਪੁਰ (ਗ੍ਰਿਫਤਾਰੀ ਬਾਕੀ ਹੈ)
4. ਮੁਕੱਦਮਾ ਨੰਬਰ 139 ਮਿਤੀ 06-07-2019 ਅ/ਧ 307,323,148,149 ਭ:ਦ 25/27 ਅਸਲਾ ਐਕਟ ਥਾਣਾ ਸਦਰ ਫਿਰੋਜਪੁਰ (ਗ੍ਰਿਫਤਾਰੀ ਬਾਕੀ ਹੈ)
5. ਮੁਕੱਦਮਾ ਨੰਬਰ 58 ਮਿਤੀ 08-05-2021 ਅ/ਧ 307,452,436,427,336,148,149 ਭ:ਦ 25/27 ਅਸਲਾ ਐਕਟ ਥਾਣਾ ਸਦਰ ਫਿਰੋਜਪੁਰ
6. ਮੁਕੱਦਮਾ ਨੰਬਰ 269 ਮਿਤੀ 06-09-2021 ਅ/ਧ 21/29/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਫਿਰੋਜਪੁਰ (ਬ੍ਰਾਮਦਗੀ:- 01 ਕਿੱਲੋ 500 ਗ੍ਰਾਮ ਹੈਰੋਇਨ)
7. ਮੁਕੱਦਮਾ ਨੰਬਰ 47 ਮਿਤੀ 10-04-2022 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਫਿਰੋਜਪੁਰ (ਗ੍ਰਿਫਤਾਰੀ ਬਾਕੀ ਹੈ)

**ਅ. ਗੁਰਦੀਪ ਸਿੰਘ ਉਰਫ ਕਾਲੀ ਸ਼ੂਟਰ ਪੁੱਤਰ ਕ੍ਰਿਪਾਲ ਸਿੰਘ ਵਾਸੀ ਜਾਮਾ ਰਖੱਈਆ ਉਤਾੜ ਥਾਣਾ ਮਮਦੋਟ**

1. ਮੁਕੱਦਮਾ ਨੰਬਰ 09 ਮਿਤੀ 29-01-2019 ਅ/ਧ 379,411 ਭ:ਦ 25/27 ਅਸਲਾ ਐਕਟ ਥਾਣਾ ਮਮਦੋਟ
2. ਮੁਕੱਦਮਾ ਨੰਬਰ 17 ਮਿਤੀ 05-03-2019 ਅ/ਧ 379,411 ਭ:ਦ ਥਾਣਾ ਮਮਦੋਟ
3. ਮੁਕੱਦਮਾ ਨੰਬਰ 84 ਮਿਤੀ 25-07-2019 ਅ/ਧ 22/61/85 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ
4. ਮੁਕੱਦਮਾ ਨੰਬਰ 127 ਮਿਤੀ 07-11-2019 ਅ/ਧ 379,411 ਭ:ਦ ਥਾਣਾ ਮਮਦੋਟ
5. ਮੁਕੱਦਮਾ ਨੰਬਰ 23 ਮਿਤੀ 10-12-2020 ਅ/ਧ 21 ਐਨ.ਡੀ.ਪੀ.ਐਸ ਐਕਟ 25/27 ਅਸਲਾ ਐਕਟ ਥਾਣਾ ਸਿਟੀ ਜਲਾਲਾਬਾਦ
6. ਮੁਕੱਦਮਾ ਨੰਬਰ 122 ਮਿਤੀ 03-10-2020 ਅ/ਧ 21/25/29 ਐਨ.ਡੀ.ਪੀ.ਐਸ ਐਕਟ 25/27 ਅਸਲਾ ਐਕਟ ਥਾਣਾ ਐਸ.ਟੀ.ਐਫ ਮੋਹਾਲੀ-04 ਫੇਸ

**ੲ. ਸਾਗਰ ਪੁਤਰ ਸੰਜੇ ਕਸ਼ਅੱਪ ਵਾਸੀ ਖਲਚੀਆ ਜਦੀਦ ਥਾਣਾ ਸਦਰ ਫਿਰੋਜਪੁਰ**

1. ਮੁਕੱਦਮਾ ਨੰਬਰ 120 ਮਿਤੀ 02-03-2022 ਅ/ਧ 8/21/61/85 ਐਨ.ਡੀ.ਪੀ.ਐਸ ਐਕਟ ਥਾਣਾ ਸੰਗਰੀਆ ਜਿਲਾ ਹਨੂਮਾਨਗੜ੍ਹ।